**ਦਫਤਰ ਭੌਂ ਪ੍ਰਾਪਤੀ ਕੁਲੈਕਟਰ, ਸਹਿਰੀ ਵਿਕਾਸ ਵਿਭਾਗ ਪੰਜਾਬ,**
(ਪੁੱਡਾ ਭਵਨ, ਸੈਕਟਰ 62,ਐਸ.ਏ.ਐਸ. ਨਗਰ)

ਸੇਵਾ ਵਿਖੇ

ਸਬ-ਤਹਿਸੀਲਦਾਰ,
ਮਾਜਰੀ, ਜਿਲ੍ਹਾ ਐਸ.ਏ.ਐਸ.ਨਗਰ।

ਨੰ. ਗਮਾਡਾ-ਐਲ.ਏ.ਸੀ.2025/
ਮਿਤੀ:

ਵਿਸ਼ਾ:- **ਨਿਊ ਚੰਡੀਗੜ੍ਹ ਵਿਖੇ ਈਕੋ ਸਿਟੀ ਫੇਜ-3 ਪ੍ਰੋਜੈਕਟ ਦੀ ਸਥਾਪਨਾ ਲਈ ਭੌਂ ਪ੍ਰਾਪਤੀ ਦਾ ਅਵਾਰਡ ਸੁਨਾਉਣ ਸਬੰਧੀ-ਮੁਸਤਰੀ ਮੁਨਾਦੀ ਕਰਵਾਉਣ ਬਾਰੇ।**

ਦੱਸਿਆ ਜਾਂਦਾ ਹੈ ਕਿ ਉਪਰੋਕਤ ਸਕੀਮ ਵਾਸਤੇ ਹੇਠ ਦਰਸਾਏ ਪਿੰਡਾਂ ਦੀ ਪ੍ਰਾਪਤ ਕੀਤੀ ਜਾ ਰਹੀ ਭੌਂ ਦਾ ਸਮਰਥ ਪੱਧਰ ਤੇ ਪ੍ਰਵਾਨਤ ਅਵਾਰਡ ਨਿਮਨ ਉਲੀਕੇ ਗਏ ਪ੍ਰੋਗਰਾਮ ਅਨੁਸਾਰ ਸੁਣਾਇਆ ਜਾਣਾ ਹੈ:

| ਮਿਤੀ ਅਤੇ ਸਮਾਂ | ਪਿੰਡ ਦਾ ਨਾਮ | ਸਥਾਨ |
|---|---|---|
| 24-12-2025<br>11.00 ਵਜੇ<br>(ਪੂਰਵ ਦੁਪਹਿਰ) | ਢੋਡੇ ਮਾਜਰਾ, ਰਸੂਲਪੁਰ, ਸਲਾਮਤਪੁਰ, ਹੁਸਿਆਰਪੁਰ, ਮਾਜਰਾ, ਰਾਜਗੜ੍ਹ, ਕੰਸਾਲਾ, ਕਰਤਾਰਪੁਰ ਅਤੇ ਤਕੀਪੁਰ | ਕਮੇਟੀ ਹਾਲ, ਦੂਜੀ ਮੰਜਿਲ, ਪੁਡਾ ਭਵਨ, ਸੈਕਟਰ 62, ਐਸ.ਏ.ਐਸ. ਨਗਰ (ਮੋਹਾਲੀ) |

ਬੇਨਤੀ ਕੀਤੀ ਜਾਂਦੀ ਹੈ ਕਿ ਸਬੰਧਤ ਹਲਕਾ ਪਟਵਾਰੀ ਨੂੰ ਅਵਾਰਡ ਸੁਨਾਉਣ ਸਮੇਂ ਮੌਕੇ ਤੇ ਹਾਜਰ ਰਹਿਣ ਲਈ ਕਿਹਾ ਜਾਵੇ ਜੀ।

**ਭੌਂ ਪ੍ਰਾਪਤੀ ਕੁਲੈਕਟਰ**

ਪਿੱਠ ਅੰਕਣ ਨੰ. ਗਮਾਡਾ-ਐਲ.ਏ.ਸੀ.2025/ ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਭੇਜਦੇ ਹੋਏ ਕਿਹਾ ਜਾਂਦਾ ਹੈ ਕਿ ਵਿਸੇ ਅਧੀਨ ਸਕੀਮ ਦੀ ਭੌਂ ਪ੍ਰਾਪਤੀ ਬਾਬਤ ਪ੍ਰਵਾਨਤ ਅਵਾਰਡ ਸੁਨਾਉਣ ਸਬੰਧੀ ਉਕਤ ਉਲੀਕੇ ਗਏ ਪ੍ਰੋਗਰਾਮ ਅਨੁਸਾਰ ਭੌਂ ਮਾਲਕਾਂ ਦੇ ਮੌਕੇ ਹਾਜਰ ਹੋਣ ਲਈ ਆਪਣੇ ਆਪਣੇ ਪਿੰਡ ਵਿੱਚ ਮੁਸਤਰੀ ਮੁਨਾਦੀ ਕਰਵਾਈ ਜਾਵੇ।

1. ਸਰਪੰਚ, ਪਿੰਡ, ਢੋਡੇ ਮਾਜਰਾ, ਰਸੂਲਪੁਰ, ਸਲਾਮਤਪੁਰ, ਹੁਸਿਆਰਪੁਰ, ਮਾਜਰਾ, ਰਾਜਗੜ੍ਹ, ਕੰਸਾਲਾ, ਕਰਤਾਰਪੁਰ ਅਤੇ ਤਕੀਪੁਰ।

ਉਕਤ ਤੋਂ ਇਲਾਵਾ ਆਮ ਲੋਕਾਂ ਦੀ ਜਾਣਕਾਰੀ ਲਈ ਇਸ ਪੱਤਰ ਦੀ ਨਕਲ ਪਿੰਡ ਦੀਆਂ ਖਾਸ-ਖਾਸ ਥਾਵਾਂ ਜਿਵੇਂ ਕਿ ਗੁਰਦੁਆਰਾ ਸਾਹਿਬ, ਮੰਦਰ, ਮਸਜਿਦ, ਜੰਜ ਘਰ ਆਦ ਜਿਥੇ ਵੀ ਯੋਗ ਹੋਵੇ ਵਿਖੇ ਨੋਟਿਸ ਬੋਰਡ ਤੇ ਚਸਪਾ ਕਰਵਾਈ ਜਾਵੇ।

**ਭੌਂ ਪ੍ਰਾਪਤੀ ਕੁਲੈਕਟਰ**

ਪਿੱਠ ਅੰਕਣ ਨੰ. ਗਮਾਡਾ-ਐਲ.ਏ.ਸੀ.-2025/ ੧੦੧੫ ਮਿਤੀ: ੧੯-੧੨-੨੫

ਉਪਰੋਕਤ ਦਾ ਉਤਾਰਾ ਜਨਰਲ ਮੈਨੇਜਰ (ਆਈ.ਟੀ.ਅਤੇ ਸੀ.), ਗਮਾਡਾ ਨੂੰ ਭੇਜ਼ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪੱਤਰ ਨੂੰ ਗਮਾਡਾ ਦੀ ਵੈਬ ਸਾਈਟ ਤੇ ਅਪਲੋਡ ਕੀਤਾ ਜਾਵੇ।

ਭੌ ਪ੍ਰਾਪਤੀ ਕੁਲੈਕਟਰ